# ਦੂਰਬੀਨ ਆਪ੍ਰੇਸ਼ਨ ਨਾਲ ਮੋਟਾਪੇ ਤੋਂ ਛੁਟਕਾਰਾ ਸੰਭਵ-ਡਾ: ਅਗਰਵਾਲ

ਅੰਮ੍ਰਿਤਸਰ, 8 ਜੂਨ (ਰੇਸ਼ਮ ਸਿੰਘ)—ਲੰਬੇ ਸਮੇਂ ਤੋਂ ਮੋਟਾਪੇ ਦਾ ਸੰਤਾਪ ਭੋਗ ਰਹੀਆਂ ਔਰਤਾਂ ਅਤੇ ਪੁਰਸ਼ਾਂ ਨੂੰ ਮੋਟਾਪੇ ਤੋਂ ਛੁਟਕਾਰਾ ਦਿਵਾਉਣ ਲਈ ਸਥਾਨਕ ਰੇਸ ਕੋਰਸ ਰੋਡ 'ਤੇ ਸਥਿਤ ਬੀਮਸ ਹਸਪਤਾਲ 'ਚ ਆਧੁਨਿਕ ਬੈਰਿਅਟਰਿਕ ਸਰਜਰੀ ਵੀ ਸੁਵਿਧਾ ਮੁਹੱਈਆ ਹੋ ਚੁੱਕੀ ਹੈ। ਜਿਸਦੇ ਚਲਦਿਆਂ ਬੀਮਸ ਦੇ ਦੂਰਬੀਨੀ ਬੈਰਿਅਟਰਿਕ ਸਰਜਨ ਡਾ. ਅਭੈ ਅਗਰਵਾਲ ਨੇ ਸ਼ੁੱਕਰਵਾਰ ਨੂੰ ਮੋਟਾਪੇ ਦੇ ਸ਼ਿਕਾਰ 2 ਪੁਰਸ਼ਾਂ ਤੇ ਇਕ ਮਹਿਲਾ ਦੀ ਬੈਰਿਅਟਰਿਕ ਸਰਜਰੀ ਕਰਕੇ ਉਨ੍ਹਾਂ ਨੂੰ ਮੋਟਾਪੇ ਤੋਂ ਮੁਕਤੀ ਦਿਵਾਈ। ਕੱਲ੍ਹ ਇਨ੍ਹਾਂ ਤਿੰਨਾਂ ਰੋਗੀਆਂ ਨੂੰ ਛੁੱਟੀ ਦੇ ਕੇ ਘਰ ਭੇਜ ਦਿੱਤਾ ਜਾਵੇਗਾ। ਡਾ. ਅਗਰਵਾਲ ਹੁਣ ਤੱਕ 1500 ਤੋਂ ਵਧੇਰੇ ਸਫ਼ਲ ਬੈਰਿਅਟਰਿਕ ਸਰਜਰੀ ਕਰ ਚੁੱਕੇ ਹਨ।



ਬੀਮਸ ਹਸਪਤਾਲ ਵਿਖੇ ਮਾਹਿਰ ਸਰਜਨ ਡਾ. ਅਭੈ ਅਗਰਵਾਲ ਅਤੇ ਡਾ. ਆਰ. ਐੱਸ. ਵਾਹਨ ਕੀਤੇ ਗਏ ਆਪ੍ਰੇਸ਼ਨਾਂ ਬਾਰੇ ਜਾਣਕਾਰੀ ਦਿੰਦੇ ਹੋਏ। ਤਸਵੀਰ : ਹਰਜੀਤ ਸਿੰਘ

ਮੁੰਬਈ ਤੋਂ ਇਹ ਸਰਜਰੀ ਕਰਨ ਲਈ ਅੰਮ੍ਰਿਤਸਰ ਪੁੱਜੇ ਡਾ. ਅਗਰਵਾਲ ਨੇ ਦੱਸਿਆ ਕਿ ਜਿਨ੍ਹਾਂ ਮਰੀਜ਼ਾਂ ਦੀ ਸਰਜਰੀ ਕੀਤੀ ਗਈ ਹੈ, ਉਨ੍ਹਾਂ ਦੇ ਮੋਟਾਪੇ 'ਚ 2 ਵਰ੍ਹਿਆ 'ਚ 70 ਪ੍ਰਤੀਸ਼ਤ ਤੱਕ ਕਮੀ ਆ ਜਾਵੇਗੀ। ਬੀਮਸ ਹਸਪਤਾਲ ਦੀ ਮੋਨਿਕਾ ਮਹਾਜਨ ਨੇ ਦੱਸਿਆ ਕਿ ਮੋਟਾਪਾ ਭਿਆਨਕ ਬਿਮਾਰੀਆਂ ਦਾ ਮੁੱਖ ਕਾਰਨ ਬਣ ਸਕਦਾ ਹੈ।